ਭਾਈਚਾਰੇ ਵੱਲੋਂ ਆਮ ਪੁੱਛੇ ਜਾਣ ਵਾਲੇ ਸਵਾਲ: ਨਾਗਰਿਕਤਾ ਦਾ ਜਮਾਂਦਰੂ ਹੱਕ ਪ੍ਰਸ਼ਾਸਨਿਕ ਹੁਕਮ 14160, ਅਤੇ *ਬਾਰਬਰਾ ਬਨਾਮ ਟਰੰਪ*

ਸੋਧਿਆ ਗਿਆ: ਮਾਰਚ 2026

ਆਪਣੇ ਦੂਜੇ ਕਾਰਜਕਾਲ ਦੇ ਪਹਿਲੇ ਦਿਨ ਰਾਸ਼ਟਰਪਤੀ ਟਰੰਪ ਨੇ ਪ੍ਰਸ਼ਾਸਕੀ ਹੁਕਮ 14160 ਉੱਤੇ ਦਸਤਖ਼ਤ ਕੀਤੇ। ਇਹ ਹੁਕਮ ਅਮਰੀਕਾ ਵਿੱਚ ਜਨਮ ਲੈਣ ਵਾਲੇ ਉਨ੍ਹਾਂ ਮਾਪਿਆਂ ਦੇ ਬੱਚਿਆਂ ਦੀ ਨਾਗਰਿਕਤਾ ਦਾ ਜਮਾਂਦਰੂ ਹੱਕ ਖ਼ਤਮ ਕਰਨਾ ਚਾਹੁੰਦਾ ਹੈ ਜਿਹਨਾਂ ਦੇ ਮਾਪਿਆਂ ਕੋਲ ਅਮਰੀਕਾ ਦੀ ਪੱਕੀ ਨਾਗਰਿਕਤਾ ਦਾ ਦਰਜਾ ਨਹੀਂ ਹੈ। ਇਹ ਪ੍ਰਸ਼ਾਸਕੀ ਹੁਕਮ ਉਨ੍ਹਾਂ ਨਵੇਂ ਜਨਮੇ ਬੱਚਿਆਂ ਨੂੰ ਨਾਗਰਿਕਤਾ ਦੇਣ ਤੋਂ ਇਨਕਾਰ ਕਰਦਾ ਹੈ ਜਿਹਨਾਂ ਦੀਆਂ ਮਾਤਾਵਾਂ ਬਾਰੇ ਪ੍ਰਸ਼ਾਸਨ ਮੰਨਦਾ ਹੈ ਕਿ ਉਹ ਜਾਂ ਤਾਂ ਗ਼ੈਰ-ਕਾਨੂੰਨੀ ਢੰਗ ਨਾਲ ਜਾਂ ਆਰਜ਼ੀ ਵੀਜ਼ੇ ਨਾਲ ਦੇਸ਼ ਵਿੱਚ ਰਹਿ ਰਹੀਆਂ ਹਨ ਅਤੇ ਜਿਨ੍ਹਾਂ ਦੇ ਪਿਤਾ ਅਮਰੀਕਾ ਦੇ ਨਾਗਰਿਕ ਨਹੀਂ ਹਨ ਜਾਂ ਕਾਨੂੰਨੀ ਰੂਪ ਵਿੱਚ ਪੱਕੇ ਨਿਵਾਸੀ (ਗਰੀਨ ਕਾਰਡ ਹੋਲਡਰ) ਨਹੀਂ ਹਨ। ਇਹ ਪ੍ਰਸ਼ਾਸਨਿਕ ਹੁਕਮ ਦੇਸ਼ ਦੀਆਂ ਏਜੰਸੀਆਂ ਨੂੰ ਇਨ੍ਹਾਂ ਬੱਚਿਆਂ ਨੂੰ ਪਾਸਪੋਰਟ ਅਤੇ ਸਮਾਜਿਕ ਸੁਰੱਖਿਆ (ਸੋਸ਼ਲ ਸੀਕਿਓਰਿਟੀ) ਨੰਬਰ ਦੇਣ ਤੋਂ ਰੋਕਦਾ ਹੈ ਜਿਨ੍ਹਾਂ ਦੇ ਮਾਪਿਆਂ ਵਿੱਚੋਂ ਘੱਟੋ-ਘੱਟ ਇਕ ਅਮਰੀਕੀ ਨਾਗਰਿਕ ਜਾਂ ਕਾਨੂੰਨੀ ਰੂਪ ਵਿੱਚ ਪੱਕਾ ਨਿਵਾਸੀ ਨਹੀਂ ਹੈ। ਜਾਰੀ ਕਰਨ ਦੀ ਤਰੀਕ 20 ਜਨਵਰੀ 2025 ਤੋਂ ਤੀਹ ਦਿਨ ਦਾ ਸਮਾਂ ਦਿੰਦਿਆਂ ਇਹ ਪ੍ਰਸ਼ਾਸਨਿਕ ਹੁਕਮ 19 ਫਰਵਰੀ 2025 ਵਾਲੇ ਦਿਨ ਅਤੇ ਉਸ ਤੋਂ ਬਾਅਦ ਜਨਮੇ ਬੱਚਿਆਂ ਉੱਤੇ ਲਾਗੂ ਹੁੰਦਾ ਹੈ।

ਹਾਲਾਂਕਿ, ਇਹ ਹੁਕਮ ਅਮਰੀਕਾ ਦੇ ਸੰਵਿਧਾਨ ਦੀ 14ਵੀਂ ਸੋਧ ਦੇ ਸਿੱਧੇ ਤੌਰ 'ਤੇ ਉਲਟ ਹੈ ਅਤੇ ਇਸ ਕਰਕੇ ਅਦਾਲਤ ਵਿੱਚ ਜਾਰੀ ਮੁਕੱਦਿਆਂ ਕਰਕੇ ਆਰਜ਼ੀ ਤੌਰ 'ਤੇ ਰੁਕਿਆ ਹੋਇਆ ਹੈ। ਇਨ੍ਹਾਂ ਵਿੱਚੋਂ ਹੀ '[ਬਾਰਬਰਾ ਬਨਾਮ ਟਰੰਪ ਨਾਮਕ](#)' ਮੁਕੱਦਮਾ ਇਕ ਰਾਸ਼ਟਰੀ ਪੱਧਰ ਦਾ ਸਮੂਹਿਕ ਕਾਰਵਾਈ ਵਾਲਾ ਮਾਮਲਾ ਹੈ ਜੋ ਏਸੀਯੂਐਲ, ਏਸ਼ੀਅਨ ਲਾਅ ਕੌਕਸ, ਐਨਏਏਸੀਪੀ ਲੀਗਲ ਡਿਫ਼ੈਂਸ ਫ਼ੰਡ ਅਤੇ ਹੋਰਾਂ ਵੱਲੋਂ ਦਾਖ਼ਲ ਕੀਤਾ ਗਿਆ ਹੈ। ਇਹ ਕੇਸ ਦਾਖ਼ਲ ਕਰਨ ਵਾਲੀ ਬਾਰਬਰਾ ਦੇ ਨਾਮ ਨਾਲ ਜਾਣੀ ਜਾਂਦੀ ਔਰਤ ਹੰਡੁਰਸ ਵਿੱਚ ਜਾਰੀ ਗੈਂਗਾਂ ਦੀ ਹਿੰਸਾ ਕਰਕੇ ਆਪਣਾ ਮੁਲਕ ਛੱਡ ਆਈ ਸੀ ਅਤੇ ਉਸ ਨੇ ਅਮਰੀਕਾ ਵਿੱਚ ਸ਼ਰਨ ਮੰਗੀ ਸੀ, ਜਿੱਥੇ ਉਹ ਆਪਣੇ ਤਿੰਨ ਬੱਚਿਆਂ ਅਤੇ ਪਤੀ ਨਾਲ ਰਹਿ ਰਹੀ ਹੈ। ਇਹ ਸੰਨ 2025 ਦੇ ਸ਼ੁਰੂਆਤ ਦੀ ਗੱਲ ਹੈ, ਉਸ ਵੇਲੇ ਉਹ ਗਰਭਵਤੀ ਹੋ ਗਈ ਸੀ। ਉਸ ਨੂੰ ਡਰ ਸੀ ਕਿ ਇਹ ਹੁਕਮ ਉਸ ਦੇ ਬੱਚੇ ਨੂੰ ਅਮਰੀਕੀ ਨਾਗਰਿਕਤਾ ਤੋਂ ਵਾਂਝਾ ਕਰ ਦੇਵੇਗਾ।

ਹੁਣ ਇਹ ਕੇਸ ਸੁਪਰੀਮ ਕੋਰਟ ਵਿੱਚ ਹੈ ਜੋ ਫ਼ੈਸਲਾ ਕਰੇਗਾ ਕਿ ਇਹ ਪ੍ਰਸ਼ਾਸਨਿਕ ਹੁਕਮ ਕਾਨੂੰਨੀ ਹੈ ਜਾਂ ਨਹੀਂ। ਜੇ ਇਸ ਨੂੰ ਮਾਨਤਾ ਮਿਲ ਗਈ ਤਾਂ ਪੂਰੇ ਦੇਸ਼ ਵਿੱਚ ਰਹਿ ਰਹੇ ਪਰਿਵਾਰਾਂ ਅਤੇ ਭਾਈਚਾਰਿਆਂ ਉੱਤੇ ਇਸ ਨੀਤੀ ਦੇ ਲੰਮੇ ਸਮੇਂ ਤੱਕ ਅਸਰ ਕਰਨ ਵਾਲੇ ਪ੍ਰਭਾਵ ਪੈਣਗੇ। ਇਹ ਦਸਤਾਵੇਜ਼ ਇਸ ਹੁਕਮ ਅਤੇ ਇਸ ਦੇ ਪੈਣ ਵਾਲੇ ਸੰਭਾਵਤ ਪ੍ਰਭਾਵਾਂ ਨੂੰ ਸਮਝਣ ਵਿੱਚ ਮਦਦ ਕਰਦਾ ਹੈ।

- ***ਬਾਰਬਰਾ ਬਨਾਮ ਟਰੰਪ* ਵਾਲੇ ਕੇਸ ਵਿੱਚ ਸੁਪਰੀਮ ਕੋਰਟ ਕਿਸ ਨੁਕਤੇ ਉੱਤੇ ਫ਼ੈਸਲਾ ਸੁਣਾਏਗੀ?** ਸੁਪਰੀਮ ਕੋਰਟ ਸਾਹਮਣੇ ਸਵਾਲ ਹੈ ਕਿ ਕੀ ਇਹ ਪ੍ਰਸ਼ਾਸਨਿਕ ਹੁਕਮ ਅਮਰੀਕੀ ਸੰਵਿਧਾਨ ਦੀ ਚੌਦਵੀਂ ਸੋਧ ਦੀ "ਨਾਗਰਿਕਤਾ ਧਾਰਾ" ਅਤੇ/ਜਾਂ ਇਮੀਗ੍ਰੇਸ਼ਨ ਨੈਸ਼ਨੈਲਟੀ ਐਕਟ ਦੀ ਉਲੰਘਣਾ ਕਰਦਾ ਹੈ। *(ਹੇਠਾਂ ਜਨਮ ਰਾਹੀਂ ਨਾਗਰਿਕਤਾ ਅਧਿਕਾਰ ਕੀ ਹੈ? ਵਾਲੇ ਸਿਰਲੇਖ ਅਧੀਨ ਨਾਗਰਿਕਤਾ ਧਾਰਾ ਬਾਰੇ ਵਧੇਰੇ ਜਾਣਕਾਰੀ ਪੜ੍ਹੀ ਜਾ ਸਕਦੀ ਹੈ)*

- **ਸੁਪਰੀਮ ਕੋਰਟ ਆਪਣਾ ਫ਼ੈਸਲਾ ਕਦੋਂ ਤੱਕ ਸੁਣਾ ਸਕਦੀ ਹੈ?** ਸੰਨ 2026 ਦੀ ਜੂਨ-ਜੁਲਾਈ ਤੱਕ ਚੱਲਣ ਵਾਲੀ ਆਪਣੀ ਅਦਾਲਤ ਦੀ ਮਿਆਦ ਦੇ ਅੰਤ ਤੋਂ ਪਹਿਲਾਂ ਇਸੇ ਸਾਲ ਵਿੱਚ ਸੁਪਰੀਮ ਕੋਰਟ *ਬਾਰਬਰਾ* ਦੇ ਕੇਸ ਵਿੱਚ ਫ਼ੈਸਲਾ ਸੁਣਾ ਸਕਦੀ ਹੈ। ਕੇਸ ਦੀ ਸ਼ੁਰੂਆਤ ਅਤੇ ਬਹਿਸ ਦੀ ਤਰੀਕ 1 ਅਪ੍ਰੈਲ ਰੱਖੀ ਗਈ ਹੈ।

- **ਕੀ ਪ੍ਰਸ਼ਾਸਨਿਕ ਹੁਕਮ ਉੱਤੇ ਰੋਕ ਲਾਉਣ ਲਈ ਹਾਲ ਦੀ ਘੜੀ ਅਦਾਲਤ ਵੱਲੋਂ ਕੋਈ ਹੁਕਮ ਜਾਰੀ ਹੋਇਆ ਹੈ?** ਹਾਂ, ਅੱਜ ਦੀ ਤਰੀਕ ਤੱਕ ਟਰੰਪ ਪ੍ਰਸ਼ਾਸਨ ਨੂੰ ਨਾਗਰਿਕਤਾ ਦੇ ਜਮਾਂਦਰੂ ਹੱਕ ਬਾਰੇ ਆਪਣੇ ਪ੍ਰਸ਼ਾਸਨਿਕ ਹੁਕਮ ਨੂੰ ਲਾਗੂ ਕਰਨ ਦੀ ਆਗਿਆ ਨਹੀਂ ਮਿਲੀ ਹੈ। *ਬਾਰਬਰਾ* ਦੇ ਮੁਕੱਦਮੇ ਵਰਗੀਆਂ ਕਾਨੂੰਨੀ ਚੁਣੌਤੀਆਂ ਆਰਜ਼ੀ ਅਦਾਲਤੀ ਹੁਕਮ ਹਾਸਲ ਕਰਨ ਵਿੱਚ ਸਫ਼ਲ ਹੋਈਆਂ ਹਨ, ਜਿਨ੍ਹਾਂ ਨੂੰ ਕਾਨੂੰਨੀ ਮਨਾਹੀ ਦਾ ਮੁੱਢਲਾ ਹੁਕਮ ਕਿਹਾ ਜਾਂਦਾ ਹੈ। ਅਦਾਲਤ ਦੀ ਇਹ ਰੋਕ ਪ੍ਰਸ਼ਾਸਨਿਕ ਹੁਕਮ ਨੂੰ ਲਾਗੂ ਕਰਨ ਤੋਂ ਰੋਕਦੀ ਹੈ।

- ***ਬਾਰਬਰਾ ਬਨਾਮ ਟਰੰਪ* ਇੱਕ "ਸਮੂਹਿਕ ਕਾਰਵਾਈ ਵਾਲਾ ਮੁਕੱਦਮਾ" ਹੈ ਇਸ ਤੋਂ ਕੀ ਭਾਵ ਹੈ?** ਸਮੂਹਿਕ ਕਾਰਵਾਈ ਵਾਲਾ ਉਹ ਮੁਕੱਦਮਾ ਹੁੰਦਾ ਹੈ ਜਿਸ ਵਿੱਚ ਇਕ ਜਾਂ ਵਧੇਰੇ ਵਿਅਕਤੀ ਲੋਕਾਂ ਦੇ ਵੱਡੇ ਸਮੂਹ ਦੇ ਹਿੱਤ ਲਈ ਮੁਕੱਦਮਾ ਦਾਖ਼ਲ ਕਰਦੇ ਹਨ। ਇਸ ਮੁਕੱਦਮੇ ਰਾਹੀਂ ਲੋਕਾਂ ਦਾ ਜਿਹੜਾ ਪੂਰਾ ਵਰਗ ਰਾਹਤ ਹਾਸਲ ਕਰ ਸਕਦਾ ਹੈ ਉਸ ਨੂੰ

“ਸਮੂਹ (ਕਲਾਸ)” ਜਾਂ “ਸਮੂਹਿਕ ਮੈਂਬਰ (ਕਲਾਸ ਮੈਂਬਰ)” ਕਿਹਾ ਜਾਂਦਾ ਹੈ। **ਇਸ ਪ੍ਰਸ਼ਾਸਨਿਕ ਹੁਕਮ ਦੇ ਨਾਲ ਜਿਹੜੇ ਬੱਚੇ ਨਿਸ਼ਾਨੇ ਉੱਤੇ ਆ ਗਏ ਹਨ ਉਹ ਸਾਰੇ ਬੱਚੇ ਹੀ *ਬਾਰਬਰਾ* ਦੇ ਮਾਮਲੇ ਵਿੱਚ ਸਮੂਹਿਕ ਮੈਂਬਰ ਹਨ।** ਇਸ ਦਾ ਮਤਲਬ ਹੈ ਕਿ 20 ਫਰਵਰੀ ਜਾਂ ਇਸ ਤੋਂ ਬਾਅਦ ਅਮਰੀਕਾ ਵਿੱਚ ਜਨਮੇ ਬੱਚੇ ਸਮੂਹ ਦਾ ਹਿੱਸਾ ਹਨ ਜੇ: (1) ਉਨ੍ਹਾਂ ਦਾ ਪਿਤਾ ਉਨ੍ਹਾਂ ਦੇ ਜਨਮ ਵੇਲੇ ਅਮਰੀਕੀ ਨਾਗਰਿਕ ਜਾਂ ਕਾਨੂੰਨੀ ਪੱਕਾ ਨਿਵਾਸੀ (ਗਰੀਨ ਕਾਰਡ ਹੋਲਡਰ) ਨਹੀਂ ਸੀ, ਅਤੇ (2) ਬੱਚੇ ਦੇ ਜਨਮ ਵੇਲੇ ਉਸ ਦੀ ਮਾਤਾ ਗ਼ੈਰ-ਕਾਨੂੰਨੀ ਢੰਗ ਨਾਲ ਜਾਂ ਆਰਜ਼ੀ ਕਾਨੂੰਨੀ ਢੰਗ (ਜਿਵੇਂ ਕਿ ਮਾਨਵੀ ਆਧਾਰ ਵਾਲੇ ਵੀਜ਼ੇ ਉੱਤੇ ਆਈਆਂ ਮਾਵਾਂ, ਆਰਜ਼ੀ ਸੁਰੱਖਿਅਤ ਦਰਜਾ (ਟੀਪੀਐਸ), ਬੀ-2 ਵਰਗਾ ਸੈਲਾਨੀ (ਟੂਰਿਸਟ) ਵੀਜ਼ਾ, ਅਤੇ ਕੋਈ ਹੋਰ ਆਰਜ਼ੀ ਵੀਜ਼ਾ) ਨਾਲ ਅਮਰੀਕਾ ਵਿੱਚ ਰਹਿ ਰਹੀ ਸੀ।

- **ਨਾਗਰਿਕਤਾ ਦਾ ਜਮਾਂਦਰੂ ਹੱਕ ਕੀ ਹੈ?** ਨਾਗਰਿਕਤਾ ਦਾ ਜਮਾਂਦਰੂ ਹੱਕ ਉਹ ਕਾਨੂੰਨੀ ਨਿਯਮ ਹੈ ਕਿ ਕਿਸੇ ਦੇਸ਼ ਵਿੱਚ ਜਨਮਿਆ ਕੋਈ ਵਿਅਕਤੀ ਆਪਣੇ-ਆਪ ਹੀ ਉਸ ਦੇਸ਼ ਦਾ ਨਾਗਰਿਕ ਹੁੰਦਾ ਹੈ, ਭਾਵੇਂ ਉਨ੍ਹਾਂ ਦੇ ਮਾਪਿਆਂ ਦੇ ਆਵਾਸ (ਇਮੀਗ੍ਰੇਸ਼ਨ) ਦਾ ਦਰਜਾ ਜੋ ਮਰਜ਼ੀ ਹੋਵੇ। ਅਮਰੀਕਾ ਉਹ ਅਠੱਤੀ ਦੇਸ਼ਾਂ ਵਿੱਚੋਂ ਇੱਕ ਹੈ ਜਿੱਥੇ ਨਾਗਰਿਕਤਾ ਦਾ ਜਮਾਂਦਰੂ ਹੱਕ ਮਿਲਦਾ ਹੈ। ਨਾਗਰਿਕਤਾ ਦਾ ਜਮਾਂਦਰੂ ਹੱਕ ਅਮਰੀਕਾ ਦੇ ਸੰਵਿਧਾਨ ਦੀ ‘ਨਾਗਰਿਕਤਾ ਧਾਰਾ’ ਅਤੇ ‘ਰਾਸ਼ਟਰੀ ਕਾਨੂੰਨ’ ਅਨੁਸਾਰ ਦਿੱਤਾ ਗਿਆ ਇੱਕ ਸੰਵਿਧਾਨਕ ਹੱਕ ਹੈ। ਇੱਕ ਸਦੀ ਤੋਂ ਵੀ ਜ਼ਿਆਦਾ ਕਈ ਪੀੜ੍ਹੀਆਂ ਤੱਕ ਅਮਰੀਕੀ ਕਾਨੂੰਨ ਇਹ ਯਕੀਨੀ ਬਣਾਉਂਦਾ ਰਿਹਾ ਹੈ ਕਿ ਜੇ ਤੁਸੀਂ ਅਮਰੀਕਾ ਵਿੱਚ ਪੈਦਾ ਹੋਏ ਹੋ ਤਾਂ ਤੁਸੀਂ ਇਸ ਦੇ ਨਾਗਰਿਕ ਹੋ।

- **ਪ੍ਰਸ਼ਾਸਨਿਕ ਹੁਕਮ ਕਿਸ ਉੱਤੇ ਲਾਗੂ ਹੁੰਦਾ ਹੈ?** ਜੇ ਹੁਕਮ ਮੰਜ਼ੂਰ ਹੁੰਦਾ ਹੈ ਤਾਂ ਇਹ 19 ਫਰਵਰੀ ਵਾਲੇ ਦਿਨ ਜਾਂ ਉਸ ਤੋਂ ਬਾਅਦ ਅਮਰੀਕਾ ਵਿੱਚ ਜਨਮੇ ਉਨ੍ਹਾਂ ਸਾਰੇ ਬੱਚਿਆਂ ਉੱਤੇ ਲਾਗੂ ਹੋਵੇਗਾ ਜਿਨ੍ਹਾਂ ਦੇ ਪਿਤਾ ਅਮਰੀਕੀ ਨਾਗਰਿਕ ਜਾਂ ਕਾਨੂੰਨੀ ਪੱਕੇ ਨਿਵਾਸੀ (ਗਰੀਨ ਕਾਰਡ ਹੋਲਡਰ) ਨਹੀਂ ਹਨ ਅਤੇ ਜਿਨ੍ਹਾਂ ਦੀ ਮਾਤਾ ਕਾਨੂੰਨੀ ਦਰਜੇ ਜਾਂ “ਕਾਨੂੰਨੀ ਆਰਜ਼ੀ” ਮੰਜ਼ੂਰੀ ਤੋਂ ਬਿਨਾਂ ਦੇਸ਼ ਵਿੱਚ ਰਹਿ ਰਹੀ ਹੈ। ਇਸ ਆਧਾਰ ਵਿੱਚ ਹੋਰਨਾ ਤੋਂ ਇਲਾਵਾ ਮਾਨਵਤਾ ਆਧਾਰਤ ਵੀਜ਼ੇ, ਆਰਜ਼ੀ ਸੁਰੱਖਿਅਤ ਵੀਜ਼ੇ, ਬੀ-2 ਵਰਗੇ ਸੈਲਾਨੀ (ਟੂਰਿਸਟ) ਵੀਜ਼ੇ ਅਤੇ ਹੋਰ ਆਰਜ਼ੀ ਵੀਜ਼ੇ ਵੀ ਸ਼ਾਮਲ ਹਨ।

- **ਨਵੇਂ ਜਨਮੇ ਬੱਚਿਆਂ ਉੱਤੇ ਇਹ ਪ੍ਰਸ਼ਾਸਨਿਕ ਹੁਕਮ ਕਿਵੇਂ ਅਸਰ ਕਰੇਗਾ?** ਇਸ ਹੁਕਮ ਦੇ ਅਸਰ ਹੇਠ ਆਉਣ ਵਾਲੇ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਦਾ ਹੱਕ ਦੇਣ ਤੋਂ ਮਨ੍ਹਾਂ ਕੀਤਾ ਜਾਵੇਗਾ ਜਿਸ ਵਿੱਚ ਇਨ੍ਹਾਂ ਨੂੰ ਸਮਾਜਿਕ ਸੁਰੱਖਿਆ (ਸੋਸ਼ਲ ਸਿਕਿਓਰਟੀ) ਅਤੇ ਅਮਰੀਕੀ ਪਾਸਪੋਰਟ ਨਾ ਦੇਣਾ ਵੀ ਸ਼ਾਮਲ ਹੈ। ਕਾਨੂੰਨੀ ਦਰਜਾ ਹਾਸਲ ਕਰਨ ਦਾ ਕੋਈ ਹੋਰ ਰਸਤਾ ਨਾ ਹੋਣ ਕਰਕੇ ਉਨ੍ਹਾਂ ਨੂੰ ਵੋਟ ਪਾਉਣ, ਕਾਨੂੰਨੀ ਸੇਵਾਵਾਂ ਹਾਸਲ ਕਰਨ ਅਤੇ ਕਈ ਤਰ੍ਹਾਂ ਦੀਆਂ ਨੌਕਰੀਆਂ ਹਾਸਲ ਕਰਨ ਤੋਂ ਵੀ ਰੋਕਿਆ ਜਾ ਸਕਦਾ ਹੈ। **ਹੋ ਸਕਦਾ ਹੈ ਕਿ ਕਈਆਂ ਦਾ ਨਾਮ ਤਾਂ ਸਰਕਾਰੀ ਦਸਤਾਵੇਜ਼ਾਂ ਵਿੱਚ ਵੀ ਨਾ ਆਵੇ (ਜਾਂ ਉਨ੍ਹਾਂ ਕੋਲ ਆਪਣਾ ਕੋਈ ਕਾਨੂੰਨੀ ਦਸਤਾਵੇਜ਼ ਹੀ ਨਾ ਹੋਵੇ) ਜਾਂ ਇੱਥੋਂ ਤੱਕ ਕਿਸੇ ਵੀ ਦੇਸ਼ ਵੱਲੋਂ ਆਪਣੇ ਦੇਸ਼ ਦੇ ਵਾਸੀ ਜਾਂ ਨਾਗਰਿਕ ਦੀ ਮਾਨਤਾ ਨਾ ਮਿਲੇ ਹੋਣ ਕਰਕੇ ਉਨ੍ਹਾਂ ਦੇ ਕਿਸੇ ਵੀ ਦੇਸ਼ ਦੀ ਸੁਰੱਖਿਆਂ ਤੋਂ ਬਿਨਾਂ ਰਹਿ ਜਾਣ ਨਾਲ ਤਾਂ ਉਹ ਦੇਸ਼-ਹੀਣ ਵੀ ਹੋ ਸਕਦੇ ਹਨ।** ਇਸ ਤਰ੍ਹਾਂ ਹੋਣ ਨਾਲ, ਇਨ੍ਹਾਂ ਬੱਚਿਆਂ ਲਈ ਦੇਸ਼-ਨਿਕਾਲੇ (ਡੀਪੋਰਟ) ਅਤੇ ਉਨ੍ਹਾਂ ਦੀ ਤੰਦਰੁਸਤੀ ਉੱਤੇ ਲੰਮੇ ਅਰਸੇ ਤੱਕ ਅਸਰ ਕਰਨ ਵਾਲੇ ਨੁਕਸਾਨ ਹੋਣ ਦੀ ਸੰਭਾਵਨਾ ਵੀ ਪੈਦਾ ਹੋ ਸਕਦੀ ਹੈ।

- **ਜੇ ਮਾਪਿਆਂ ਵਿੱਚੋਂ ਕੋਈ ਇਕ ਅਮਰੀਕੀ ਨਾਗਰਿਕ ਜਾਂ ਕਾਨੂੰਨੀ ਪੱਕਾ ਨਿਵਾਸੀ ਹੈ ਤਾਂ?** ਹੁਕਮ ਦੇ ਅਨੁਸਾਰ, ਅਮਰੀਕਾ ਵਿੱਚ ਪੈਦਾ ਹੋਇਆ ਉਹ ਬੱਚਾ ਜਿਸ ਦੇ ਮਾਪਿਆਂ ਵਿੱਚੋਂ ਕੋਈ ਇੱਕ ਅਮਰੀਕੀ ਨਾਗਰਿਕ ਜਾਂ ਕਾਨੂੰਨੀ ਪੱਕਾ ਨਿਵਾਸੀ (ਗਰੀਨ ਕਾਰਡ ਹੋਲਡਰ) ਹੈ ਨੂੰ ਹੁਣ ਵੀ ਨਾਗਰਿਕ ਮੰਨਿਆ ਜਾਵੇਗਾ ਭਾਵੇਂ ਕਿ ਉਸ ਦੇ ਮਾਪਿਆਂ ਵਿੱਚੋਂ ਇਕ ਦਾ ਆਵਾਸ (ਇਮੀਗ੍ਰੇਸ਼ਨ) ਦਾ ਦਰਜਾ (ਸਟੇਟਸ) ਕੋਈ ਵੀ ਹੋਵੇ। ਫਿਰ ਵੀ, ਇਹ ਪ੍ਰਸ਼ਾਸਨਿਕ ਹੁਕਮ, ਨਾਗਰਿਕਾਂ ਸਮੇਤ, ਹਰੇਕ ਉੱਤੇ ਆਪਣੀ ਨਾਗਰਿਕਤਾ ਸਾਬਤ ਕਰਨ ਦਾ ਵਾਧੂ ਬੋਝ ਲੱਦ ਦੇਵੇਗਾ ਕਿਉਂਕਿ ਸਰਕਾਰ ਵੱਲੋਂ ਜਾਰੀ ਜਨਮ ਪ੍ਰਮਾਣ-ਪੱਤਰ (ਬਰਥ ਸਰਟੀਫ਼ਿਕੇਟ) ਹੁਣ ਨਾਗਰਿਕਤਾ ਦਾ ਸਬੂਤ ਨਹੀਂ ਮੰਨੇ ਜਾਣਗੇ।

- **ਇਸ ਪ੍ਰਸ਼ਾਸਨਿਕ ਹੁਕਮ ਅਨੁਸਾਰ ਕਿਸ ਨੂੰ ‘ਕਾਨੂੰਨੀ ਪਰ ਆਰਜ਼ੀ’ ਦਰਜੇ ਵਾਲਾ ਮੰਨਿਆ ਜਾਂਦਾ ਹੈ?** ਇਸ ਦਰਜੇ ਵਿੱਚ ਹੇਠਾਂ ਦਿੱਤੀਆਂ ਮਾਤਾਵਾਂ ਸ਼ਾਮਲ ਹਨ (ਭਾਵੇਂ ਕਿ ਇਹ ਸਿਰਫ਼ ਇਨ੍ਹਾਂ ਤੱਕ ਸੀਮਿਤ ਨਹੀਂ ਹੈ), ਜਿਨ੍ਹਾਂ ਕੋਲ:
    - ਮਨਾਵੀ ਆਧਾਰ ਉੱਤੇ ਮਿਲਣ ਵਾਲੇ ਵੀਜ਼ੇ/ਪੈਰੋਲ ਅਤੇ ਜਿਨ੍ਹਾਂ ਦੀਆਂ ਅਰਜ਼ੀਆਂ ਹਾਲੇ ਸਰਕਾਰ ਵੱਲੋਂ ਵਿਚਾਰ ਅਧੀਨ ਹਨ, ਵਿਚਾਰ ਅਧੀਨ ਅਰਜ਼ੀਆਂ ਵਿੱਚ ਯੂ-ਵੀਜ਼ੇ, ਟੀ-ਵੀਜ਼ੇ ਅਤੇ ਸ਼ਰਨ (ਅਸਾਈਲਮ) ਵਾਲੀਆਂ ਅਰਜ਼ੀਆਂ ਵੀ ਸ਼ਾਮਲ ਹਨ।
    - ਆਰਜ਼ੀ ਸੁਰੱਖਿਅਤ ਦਰਜਾ (ਟੈਂਪਰੇਰੀ ਪ੍ਰੋਟੈਕਟਡ ਸਟੇਟਸ - ਟੀਪੀਐਸ) ਅਤੇ ਮਾਨਵੀ ਆਧਾਰ ਉੱਤੇ ਮਿਲੀ ਪੈਰੋਲ
    - ਜਿਨ੍ਹਾਂ ਕੋਲ ਡੈਫ਼ਰਡ ਐਕਸ਼ਨ ਫ਼ਾਰ ਚਾਈਲਡਹੁੱਡ ਅਰਾਈਵਲ (ਡੀਏਸੀਏ) ਮਿਲਿਆ ਹੋਇਆ ਹੈ

- ਵਿਦਿਆਰਥੀ, ਵਰਕ ਅਤੇ ਫੈਮਲੀ ਵੀਜ਼ੇ, ਜਿਵੇਂ ਐਚ-1ਬੀ (ਖ਼ਾਸ ਕਰਕੇ ਪੇਸ਼ੇਵਰ ਕਾਮੇ), ਐਚ-4 (ਐ-1ਬੀ ਵਾਲਿਆਂ ਉੱਤੇ ਨਿਰਭਰ ਮੈਂਬਰ), ਐਚ2-ਏ (ਆਰਜ਼ੀ ਖੇਤੀਬਾੜੀ ਕਾਮੇ), ਐਫ਼-1 (ਵਿਦਿਆਰਥੀ), ਜੇ-1 (ਐਕਸਚੇਂਜ ਵਿਜ਼ਿਟਰ), ਐੱਲ-1 (ਇਕ ਕੰਪਨੀ ਦੇ ਅੰਦਰ ਬਦਲੀ ਹੋਣ ਕਰਕੇ ਆਏ ਮੁਲਾਜ਼ਮ), ਐਲ-2 (ਐਲ-1 ਵਾਲਿਆਂ ਉੱਤੇ ਨਿਰਭਰ ਮੈਂਬਰ), ਓ-1 (ਵਿਲੱਖਣ ਸਮਰੱਥਾ ਵਾਲੇ), ਅਤੇ ਪੀ-1 (ਖਿਡਾਰੀ ਅਤੇ ਕਲਾਕਾਰ)
- ਸੈਲਾਨੀ (ਟੂਰੀਸਟ) ਵੀਜ਼ੇ ਵਾਲੇ, ਜਿਵੇਂ ਕਿ ਬੀ-1 (ਵਪਾਰ ਲਈ ਆਏ) ਅਤੇ ਬੀ-2 (ਸੈਲਾਨੀ)

- **ਕੀ ਉਨ੍ਹਾਂ ਮਾਤਾਵਾਂ ਉੱਤੇ ਇਸ ਪ੍ਰਸ਼ਾਸਨਿਕ ਹੁਕਮ ਦਾ ਅਸਰ ਪਵੇਗਾ ਜਿਹਨਾਂ ਕੋਲ ਸ਼ਰਨਾਰਥੀ (ਅਸਾਇਲੀ) ਜਾਂ ਰਿਫ਼ਿਊਜੀ ਵਾਲਾ ਦਰਜਾ ਹੈ?** ਪ੍ਰਸ਼ਾਸਨਿਕ ਹੁਕਮ ਉਨ੍ਹਾਂ ਬੱਚਿਆਂ ਬਾਰੇ ਕੋਈ ਸਪੱਸ਼ਟ ਗੱਲ ਨਹੀਂ ਕਰਦਾ ਜਿਨ੍ਹਾਂ ਦੀਆਂ ਮਾਤਾਵਾਂ ਕੋਲ ਸ਼ਰਨਾਰਥੀ (ਅਸਾਇਲੀ) ਜਾਂ ਰਿਫ਼ਿਊਜੀ ਵਾਲਾ ਦਰਜਾ ਹੈ ਅਤੇ ਜਿਨ੍ਹਾਂ ਦੇ ਪਿਤਾ ਅਮਰੀਕੀ ਨਾਗਰਿਕ ਜਾਂ ਪੱਕੇ ਨਾਗਰਿਕ ਨਹੀਂ ਹਨ। ਯੂਐਸ ਸਿਟੀਜਨ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂਐਸਸੀਆਈਐਸ) ਵੱਲੋਂ 25 ਜੁਲਾਈ 2025 ਨੂੰ ਜਾਰੀ ਕੀਤੀ ਗਈ ਮੀਮੋ ਵਿੱਚ ਲਿਖਿਆ ਗਿਆ ਹੈ ਕਿ ਜਿਨ੍ਹਾਂ ਵਿਅਕਤੀਆਂ ਨੂੰ ਸ਼ਰਨਾਰਥੀ (ਅਸਾਇਲੀ) ਜਾਂ ਰਿਫ਼ਿਊਜੀ ਵਾਲਾ ਦਰਜਾ ਮਿਲ ਚੁੱਕਾ ਹੈ ਉਹ "ਕਾਨੂੰਨੀ ਮੰਨੇ ਜਾਣਗੇ ਆਰਜ਼ੀ ਨਹੀਂ," ਜਿਸ ਤੋਂ ਸੰਕੇਤ ਮਿਲਦਾ ਹੈ ਕਿ ਹੁਕਮ ਉਨ੍ਹਾਂ ਉੱਤੇ ਲਾਗੂ ਨਹੀਂ ਹੋਵੇਗਾ। ਹਾਲਾਂਕਿ, ਜੇ ਕਿਸੇ ਮਾਪੇ ਦੀ ਸ਼ਰਨ (ਅਸਾਇਲਮ) ਦੀ ਅਰਜ਼ੀ ਹਾਲੇ ਵਿਚਾਰ ਅਧੀਨ ਹੈ ਤਾਂ ਯੂਐਸਸੀਆਈਐਸ ਵਾਲੇ ਉਸ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿ ਰਿਹਾ ਮੰਨ ਸਕਦੇ ਹਨ। **ਇਹ ਦੱਸਣ ਦੇ ਬਾਵਜੂਦ, ਫ਼ਿਲਹਾਲ ਇਹ ਮੀਮੋ ਵੀ ਲਾਗੂ ਨਹੀਂ ਹੈ ਅਤੇ ਸਿਰਫ਼ ਇਹ ਜਾਣਕਾਰੀ ਦਿੰਦੀ ਹੈ ਕਿ ਜੇ ਸੁਪਰੀਮ ਕੋਰਟ ਪ ਸ਼ਾਸਨਿਕ ਹੁਕਮ ਨੂੰ ਮਾਨਤਾ ਦੇ ਦਿੰਦੀ ਹੈ ਤਾਂ ਏਜੰਸੀ ਇਸ ਗੱਲ ਨੂੰ ਕਿਵੇਂ ਅਮਲ ਵਿੱਚ ਲਿਆ ਸਕਦੀ ਹੈ।**

- **ਜੇ ਨਾਗਿਰਕਤਾ ਦਾ ਜਮਾਂਦਰੂ ਹੱਕ ਖੋਹ ਲਿਆ ਜਾਂਦਾ ਹੈ ਤਾਂ ਉਨ੍ਹਾਂ ਪਰਿਵਾਰਾਂ ਦਾ ਕੀ ਹੋਵੇਗਾ?** ਜੇ ਸੁਪਰੀਮ ਕੋਰਟ ਪ੍ਰਸ਼ਾਸਨਿਕ ਹੁਕਮ ਨੂੰ ਲਾਗੂ ਕਰਨ ਨੂੰ ਮੰਜ਼ੂਰੀ ਦੇ ਦਿੰਦੀ ਹੈ ਤਾਂ ਉਸ ਦਾ ਅਸਰ ਤੁਰੰਤ ਅਤੇ ਗੰਭੀਰ ਹੋਵੇਗਾ। ਕਾਨੂੰਨੀ ਰੂਪ ਵਿੱਚ ਆਰਜ਼ੀ ਤੌਰ 'ਤੇ (ਜਿਵੇਂ ਵੀਜ਼ੇ ਜਾਂ ਡੀਏਸੀਏ ਵਾਲੇ) ਦੇਸ਼ ਵਿੱਚ ਰਹਿ ਰਹੇ ਉਨ੍ਹਾਂ ਗ਼ੈਰ-ਨਾਗਰਿਕ ਮਾਪਿਆਂ ਦੇ ਅਮਰੀਕਾ ਵਿੱਚ ਪੈਦਾ ਹੋਏ ਬੱਚਿਆਂ ਨੂੰ ਫਿਰ ਜਨਮ ਦੇ ਆਧਾਰ 'ਤੇ ਨਾਗਰਿਕ ਨਹੀਂ ਮੰਨਿਆ ਜਾਵੇਗਾ। **ਕਈ ਕਾਨੂੰਨੀ ਅਨਿਸ਼ਚਿਤਤਾ ਦੇ ਚੱਕਰ ਵਿੱਚ ਫਸ ਕੇ ਰਹਿ ਜਾਣਗੇ, ਉਸ ਪੀੜ੍ਹੀ ਲਈ ਇਕ ਉਪ-ਸਮੂਹ ਬਣ ਜਾਵੇਗਾ ਜਿਸ ਨੂੰ ਨਾਗਰਿਕਤਾ ਦੇ ਪੂਰੇ ਹੱਕ ਅਤੇ ਕਾਨੂੰਨੀ ਪਛਾਣ ਦੇਣ ਤੋਂ ਮਨ੍ਹਾਂ ਕਰ ਦਿੱਤਾ ਜਾਵੇਗਾ।** ਕੁਝ ਬੱਚਿਆਂ ਨੂੰ ਤਾਂ ਹਿਰਾਸਤ ਜਾਂ ਦੇਸ਼-ਨਿਕਾਲਾ ਵੀ ਮਿਲ ਸਕਦਾ ਹੈ ਭਾਵੇਂ ਕਿ ਉਨ੍ਹਾਂ ਦੇ ਮਾਪਿਆਂ ਨੂੰ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਰਹਿਣ ਦੀ ਆਗਿਆ ਹੋਵੇਗੀ।